ਮਿੱਠੇ ਬੱਚੇ:- " ਮਿੱਠੇ ਬੱਚੇ ਇਸ ਜਨਮ ਦੇ ਪਾਪਾਂ ਤੋਂ ਹਲਕਾ ਹੋਣ ਦੇ ਲਈ ਬਾਪ ਨੂੰ ਸੱਚ - ਸੱਚ ਸੁਣਾਓ ਅਤੇ ਪਿਛਲੇ ਜਨਮ ਦੇ ਵਿਕਰਮਾਂ ਨੂੰ ਯੋਗ ਅਗਨੀ ਨਾਲ ਖ਼ਤਮ ਕਰੋ "

ਪ੍ਰਸ਼ਨ:- ਖ਼ੁਦਾਈ ਖਿਦਮਤਗਾਰ ਬਣਨ ਦੇ ਲਈ ਕਿਹੜੀ ਇੱਕ ਚਿੰਤਾ (ਫੁਰਨਾ) ਚਾਹੀਦਾ ਹੈ?

ਉੱਤਰ:- ਸਾਨੂੰ ਯਾਦ ਦੀ ਯਾਤਰਾ ਵਿੱਚ ਰਹਿ ਕੇ ਪਾਵਨ ਜ਼ਰੂਰ ਬਣਨਾ ਹੈ। ਪਾਵਨ ਬਣਨ ਦਾ ਫੁਰਨਾ ਚਾਹੀਦਾ ਹੈ। ਇਹ ਹੀ ਮੁੱਖ ਸਬਜੈਕਟ ਹੈ। ਜੋ ਬੱਚੇ ਪਾਵਨ ਬਣਦੇ ਉਹ ਹੀ ਬਾਪ ਦੇ ਖਿਦਮਤਗਾਰ ਬਣ ਸਕਦੇ ਹਨ। ਬਾਪ ਇੱਕਲਾ ਕੀ ਕਰੇਗਾ ਇਸਲਈ ਬੱਚਿਆਂ ਨੂੰ ਸ਼੍ਰੀਮਤ ਤੇ ਆਪਣੇ ਹੀ ਯੋਗਬਲ ਨਾਲ ਵਿਸ਼ਵ ਨੂੰ ਪਾਵਨ ਬਣਾਕੇ ਪਾਵਨ ਰਾਜਧਾਨੀ ਬਣਾਉਣੀ ਹੈ। ਪਹਿਲੇ ਆਪਣੇ ਆਪ ਨੂੰ ਪਾਵਨ ਬਣਾਉਣਾ ਹੈ।

ਓਮ ਸ਼ਾਂਤੀ। ਇਹ ਤਾਂ ਜ਼ਰੂਰ ਬੱਚੇ ਸਮਝਦੇ ਹਨ ਅਸੀਂ ਬਾਬਾ ਦੇ ਕੋਲ ਜਾਂਦੇ ਹਾਂ ਰਿਫਰੈਸ਼ ਹੋਣ ਦੇ ਲਈ। ਉੱਥੇ ਸੈਂਟਰ ਤੇ ਜਦੋਂ ਜਾਂਦੇ ਹਾਂ ਤਾਂ ਇਵੇਂ ਨਹੀਂ ਸਮਝ ਸਕਦੇ। ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਹੈ ਕਿ ਬਾਬਾ ਮਧੂਬਨ ਵਿੱਚ ਹਨ। ਬਾਪ ਦੀ ਮੁਰਲੀ ਚਲਦੀ ਹੀ ਹੈ ਬੱਚਿਆਂ ਦੇ ਲਈ। ਬੱਚੇ ਸਮਝਣਗੇ ਅਸੀਂ ਜਾਂਦੇ ਹਾਂ ਮਧੂਬਨ ਵਿੱਚ ਮੁਰਲੀ ਸੁਣਨ। ਮੁਰਲੀ ਅੱਖਰ ਕ੍ਰਿਸ਼ਨ ਦੇ ਲਈ ਸਮਝ ਲਿਆ ਹੈ। ਮੁਰਲੀ ਦਾ ਅਰਥ ਕੋਈ ਹੋਰ ਨਹੀਂ ਹੈ। ਤੁਹਾਨੂੰ ਬੱਚਿਆਂ ਨੂੰ ਹੁਣ ਚੰਗੀ ਤਰ੍ਹਾਂ ਸਮਝ ਆਈ ਹੈ ਨਾ। ਬਾਪ ਨੇ ਸਮਝਾਇਆ ਹੈ ਅਤੇ ਤੁਸੀਂ ਫੀਲ ਕਰਦੇ ਹੋ, ਬਰੋਬਰ ਅਸੀਂ ਬਹੁਤ ਬੇਸਮਝ ਬਣ ਗਏ ਸੀ। ਇਵੇਂ ਕੋਈ ਵੀ ਆਪਣੇ ਨੂੰ ਸਮਝਦੇ ਨਹੀਂ ਹਨ। ਇੱਥੇ ਜਦੋਂ ਆਉਂਦੇ ਹਨ ਤਾਂ ਨਿਸ਼ਚੇ ਬੁੱਧੀ ਹੁੰਦੇ ਹਨ। ਬਰੋਬਰ ਅਸੀਂ ਬਹੁਤ ਬੇਸਮਝ ਬਣ ਗਏ ਸੀ। ਤੁਸੀਂ ਸਤਿਯੁੱਗ ਵਿੱਚ ਕਿੰਨੇ ਸਮਝਦਾਰ, ਵਿਸ਼ਵ ਦੇ ਮਾਲਿਕ ਸੀ। ਕੋਈ ਮੂਰਖ ਥੋੜ੍ਹੀ ਨਾ ਵਿਸ਼ਵ ਦੇ ਮਾਲਿਕ ਬਣ ਸਕਦੇ ਹਨ। ਇਹ ਲਕਸ਼ਮੀ -ਨਰਾਇਣ ਵਿਸ਼ਵ ਦੇ ਮਾਲਿਕ ਸਨ, ਇੰਨੇ ਸਮਝਦਾਰ ਸਨ ਤਾਂ ਹੀ ਤੇ ਭਗਤੀ ਮਾਰਗ ਵਿੱਚ ਪੂਜੀਏ ਬਣਦੇ ਹਨ। ਜੜ ਚਿੱਤਰ ਕੁਝ ਬੋਲ ਤਾਂ ਨਹੀਂ ਸਕਦੇ। ਸ਼ਿਵਬਾਬਾ ਦੀ ਪੂਜਾ ਕਰਦੇ ਹਨ ਉਹ ਕੁਝ ਬੋਲਦੇ ਹਨ ਕੀ! ਸ਼ਿਵਬਾਬਾ ਇੱਕ ਹੀ ਵਾਰ ਆਕੇ ਬੋਲਦੇ ਹਨ। ਪੂਜਾ ਕਰਨ ਵਾਲਿਆਂ ਨੂੰ ਵੀ ਪਤਾ ਨਹੀਂ ਹੈ ਕਿ ਇਹ ਗਿਆਨ ਸੁਣਾਉਣ ਵਾਲਾ ਬਾਪ ਹੈ। ਸ਼੍ਰੀਕ੍ਰਿਸ਼ਨ ਦੇ ਲਈ ਸਮਝਦੇ ਹਨ ਉਸਨੇ ਮੁਰਲੀ ਵਜਾਈ। ਜਿਸ ਦੀ ਪੂਜਾ ਕਰਦੇ ਉਨ੍ਹਾਂ ਦੇ ਆਕਉਪੇਸ਼ਨ ਨੂੰ ਬਿਲਕੁਲ ਨਹੀਂ ਜਾਣਦੇ। ਤਾਂ ਇਹ ਪੂਜਾ ਆਦਿ ਨਿਸ਼ਫਲ ਹੀ ਹੋ ਜਾਵੇਗੀ, ਜਦ ਤੱਕ ਬਾਪ ਆਏ। ਤੁਸੀਂ ਬੱਚਿਆਂ ਵਿਚੋਂ ਕਈਆਂ ਨੇ ਵੇਦ ਸ਼ਾਸਤਰ ਆਦਿ ਕੁਝ ਵੀ ਪੜ੍ਹੇ ਨਹੀਂ ਹਨ। ਹੁਣ ਤੁਹਾਨੂੰ ਇੱਕ ਸਤ ਬਾਪ ਪੜ੍ਹਾ ਰਹੇ ਹਨ। ਤੁਸੀਂ ਸਮਝਦੇ ਹੋ ਬਰੋਬਰ ਸੱਚਾ ਪੜ੍ਹਾਉਣ ਵਾਲਾ ਇੱਕ ਹੀ ਬਾਪ ਹੈ। ਬਾਪ ਨੂੰ ਕਿਹਾ ਹੀ ਜਾਂਦਾ ਹੈ ਸਤ। ਨਰ ਤੋਂ ਨਾਰਾਇਣ ਬਣਨ ਦੀ ਸੱਚੀ ਕਥਾ ਸੁਣਾਉਂਦੇ ਹਨ। ਅਰਥ ਤਾਂ ਠੀਕ ਹੈ। ਸਤ ਬਾਪ ਆਉਂਦੇ ਹਨ, ਹੁਣ ਨਰ ਤੋਂ ਨਾਰਾਇਣ ਬਣਨਾ ਹੈ ਤਾਂ ਜਰੂਰ ਸਤਿਯੁੱਗ ਸਥਾਪਨ ਕਰਾਂਗੇ ਨਾ। ਪੁਰਾਣੀ ਦੁਨੀਆਂ ਕਲਯੁੱਗ ਥੋੜ੍ਹੀ ਨਾ ਬਣੇਗੀ। ਕਥਾ ਸੁਣਦੇ ਵਕਤ ਇਹ ਕਿਸੇ ਦੀ ਬੁੱਧੀ ਵਿੱਚ ਨਹੀਂ ਹੁੰਦਾ ਹੈ ਕਿ ਅਸੀਂ ਨਰ ਤੋਂ ਨਾਰਾਇਣ ਬਣਾਂਗੇ। ਹੁਣ ਤੁਹਾਨੂੰ ਨਰ ਤੋਂ ਨਰਾਇਣ ਬਣਨ ਦਾ ਰਾਜਯੋਗ ਸਿਖਾਉਂਦੇ ਹਨ। ਇਹ ਵੀ ਕੋਈ ਨਵੀਂ ਗੱਲ ਨਹੀਂ। ਬਾਪ ਕਹਿੰਦੇ ਹਨ ਮੈਂ ਕਲਪ - ਕਲਪ ਆਕੇ ਸਮਝਾਉਂਦਾ ਹਾਂ। ਯੁਗੇ - ਯੁਗੇ ਕਿਵੇਂ ਆਵਾਂਗਾ! ਬ੍ਰਹਮਾ ਦਾ ਚਿੱਤਰ ਵਿਖਾ ਕੇ ਤੁਸੀਂ ਸਮਝਾ ਸਕਦੇ ਹੋ, ਇਹ ਰਥ ਹੈ। ਇਹ ਹੈ ਬਹੁਤ ਜਨਮਾਂ ਦੇ ਅੰਤ ਦਾ ਜਨਮ, ਪਤਿਤ। ਹੁਣ ਇਹ ਵੀ ਪਾਵਨ ਬਣਦੇ ਹਨ। ਅਸੀਂ ਵੀ ਬਣਦੇ ਹਾਂ। ਸਿਵਾਏ ਯੋਗ ਬਲ ਦੇ ਕੋਈ ਪਾਵਨ ਬਣ ਨਹੀਂ ਸਕਦਾ। ਵਿਕਰਮ ਵਿਨਾਸ਼ ਹੋ ਨਾ ਸਕਣ। ਪਾਣੀ ਵਿੱਚ ਇਸ਼ਨਾਨ ਕਰਨ ਨਾਲ ਕੋਈ ਪਾਵਨ ਨਹੀਂ ਬਣਦੇ। ਇਹ ਹੈ ਯੋਗ ਅਗਨੀ। ਪਾਣੀ ਹੁੰਦਾ ਹੈ ਅੱਗ ਬੁਝਾਉਣ ਵਾਲਾ। ਅੱਗ ਹੁੰਦੀ ਹੈ ਜਲਾਉਣ ਵਾਲੀ। ਤਾਂ ਪਾਣੀ ਕੋਈ ਅੱਗ ਤੇ ਨਹੀਂ ਹੈ, ਜਿਸ ਨਾਲ ਵਿਕਰਮ ਵਿਨਾਸ਼ ਹੋਣ। ਸਭ ਤੋਂ ਜ਼ਿਆਦਾ ਗੁਰੂ ਆਦਿ ਇਸਨੇ ਕੀਤੇ ਹਨ। ਸ਼ਾਸਤਰ ਵੀ ਬਹੁਤ ਪੜ੍ਹੇ। ਇਸ ਜਨਮ ਵਿੱਚ ਜਿਵੇਂ ਪੰਡਿਤ ਸੀ ਲੇਕਿਨ ਉਸ ਨਾਲ ਫ਼ਾਇਦਾ ਤਾਂ ਕੁਝ ਵੀ ਨਹੀਂ ਹੋਇਆ। ਪੁੰਨ ਆਤਮਾ ਤਾਂ ਬਣਦੇ ਹੀ ਨਹੀਂ। ਪਾਪ ਹੀ ਕਰਦੇ ਆਏ। ਬਾਪ ਨੇ ਸਮਝਾਇਆ ਹੈ ਜੋ ਆਪਣੇ ਨੂੰ ਬੱਚਾ ਸਮਝਦੇ ਹਨ ਤਾਂ ਇਸ ਜਨਮ ਵਿੱਚ ਜੋ ਪਾਪ ਆਦਿ ਕੀਤੇ ਹਨ, ਜਦੋਂ ਕਿ ਸਾਹਮਣੇ ਬਾਪ ਆਇਆ ਹੈ ਤਾਂ ਪਾਪ ਕਰਮ ਦਸ ਦੇਣੇ ਚਾਹੀਦੇ ਹਨ ਤਾਂ ਹਲਕੇ ਹੋ ਜਾਵਾਂਗੇ। ਇਸ ਜਨਮ ਵਿੱਚ ਹਲਕੇ ਹੋ ਜਾਵਾਂਗੇ। ਫ਼ਿਰ ਪੁਰਸ਼ਾਰਥ ਕਰਨਾ ਹੈ, ਜਨਮ - ਜਨਮੰਤ੍ਰ ਦੇ ਪਾਪ ਕਰਮ ਦਾ ਬੋਝਾ ਜੋ ਸਿਰ ਤੇ ਹੈ ਉਸ ਨੂੰ ਉਤਾਰਨਾ ਹੈ। ਬਾਪ ਤਾਂ ਯੋਗ ਦੀ ਗੱਲ ਸਮਝਾਉਂਦੇ ਹਨ। ਯੋਗ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਇਹ ਗੱਲਾਂ ਤੁਸੀਂ ਹੁਣ ਸੁਣਦੇ ਹੋ। ਸਤਿਯੁੱਗ ਵਿੱਚ ਇਹ ਗੱਲਾਂ ਕੋਈ ਸੁਣਾ ਨਹੀਂ ਸਕਦਾ। ਇਹ ਸਾਰਾ ਡਰਾਮਾ ਬਣਿਆ ਹੋਇਆ ਹੈ। ਸੈਕਿੰਡ ਬਾਏ ਸਕਿੰਡ ਇਹ ਸਾਰਾ ਡਰਾਮਾ ਫ਼ਿਰਦਾ ਰਹਿੰਦਾ ਹੈ। ਇਕ ਸੈਕਿੰਡ ਨਾ ਮਿਲੇ ਦੂਜੇ ਨਾਲ। ਸੈਕਿੰਡ ਬਾਏ ਸੈਕਿੰਡ ਉਮਰ ਹੀ ਘੱਟ ਹੁੰਦੀ ਜਾਂਦੀ ਹੈ। ਹੁਣ ਤੁਸੀਂ ਉਮਰ ਨੂੰ ਘੱਟ ਹੋਣ ਤੋਂ ਬ੍ਰੇਕ ਦਿੰਦੇ ਹੋ ਅਤੇ ਯੋਗ ਨਾਲ ਉਮਰ ਨੂੰ ਵਧਾਉਂਦੇ ਹੋ। ਹੁਣ ਤੁਹਾਨੂੰ ਬੱਚਿਆਂ ਨੂੰ ਆਪਣੀ ਉੱਮਰ ਨੂੰ ਵਧਾਉਣਾ ਹੈ ਯੋਗਬਲ ਨਾਲ। ਯੋਗ ਦੇ ਲਈ ਬਾਬਾ ਬਹੁਤ ਜ਼ੋਰ ਦਿੰਦੇ ਹਨ, ਪਰੰਤੂ ਕਈ ਸਮਝਦੇ ਨਹੀਂ। ਕਹਿੰਦੇ ਹਨ ਬਾਬਾ ਅਸੀਂ ਭੁੱਲ ਜਾਂਦੇ ਹਾਂ। ਤਾਂ ਬਾਬਾ ਕਹਿੰਦੇ ਹਨ ਯੋਗ ਕੋਈ ਹੋਰ ਗੱਲ ਨਹੀਂ, ਇਹ ਹੈ ਯਾਦ ਦੀ ਯਾਤਰਾ। ਬਾਪ ਨੂੰ ਯਾਦ ਕਰਦੇ - ਕਰਦੇ ਪਾਪ ਕੱਟਦੇ ਜਾਣਗੇ, ਅੰਤ ਮਤੀ ਸੋ ਗਤੀ ਹੋ ਜਾਵੇਗੀ। ਇਸ ਤੇ ਇੱਕ ਮਿਸਾਲ ਵੀ ਦਿੰਦੇ ਹਨ - ਕਿਸੇ ਨੇ ਕਿਸੇ ਨੂੰ ਕਿਹਾ ਤੁਸੀਂ ਭੈਂਸ ਹੋ ਤਾਂ ਬਸ ਉਹ ਸਮਝਣ ਲੱਗਾ ਮੈਂ ਤਾਂ ਭੈਂਸ ਹਾਂ। ਬੋਲਿਆ, ਇਸ ਦਰਵਾਜ਼ੇ ਤੋਂ ਨਿਕਲੋ। ਤਾਂ ਬੋਲਿਆ ਮੈਂ ਭੈਂਸ ਹਾਂ ਕਿਵੇਂ ਨਿਕਲਾਂ! ਸੱਚਮੁਚ ਜਿਵੇਂ ਭੈਂਸ ਬਣ ਗਿਆ। ਇਹ ਇੱਕ ਮਿਸਾਲ ਬੈਠ ਬਣਾਇਆ ਹੈ, ਉਵੇਂ ਇਸ ਤਰ੍ਹਾਂ ਹੈ

ਨਹੀਂ। ਇਹ ਕੋਈ ਠੀਕ ਮਿਸਾਲ ਨਹੀਂ ਹੈ। ਸਦਾ ਰੀਅਲ ਗੱਲ ਤੇ ਮਿਸਾਲ ਦਿੱਤੀ ਜਾਂਦੀ ਹੈ।

ਇਸ ਵਕਤ ਬਾਪ ਤੁਹਾਨੂੰ ਸਮਝਾਉਂਦੇ ਹਨ ਉਨ੍ਹਾਂ ਦੇ ਫ਼ਿਰ ਭਗਤੀ ਮਾਰਗ ਵਿੱਚ ਤਿਉਹਾਰ ਮਨਾਏ ਜਾਂਦੇ ਹਨ। ਕਿੰਨੇ ਮੇਲੇ ਮਲਾਖੜੇ ਆਦਿ ਹੁੰਦੇ ਹਨ। ਬਾਕੀ ਇਸ ਵਕਤ ਜੋ ਕੁਝ ਹੁੰਦਾ ਹੈ ਉਸਦੇ ਤਿਉਹਾਰ ਬਣ ਜਾਂਦੇ ਹਨ। ਤੁਸੀਂ ਇਥੇ ਕਿੰਨੇ ਸਵੱਛ ਬਣਦੇ ਹੋ। ਮੇਲੇ ਮਲਾਖੜੇ ਵਿੱਚ ਤਾਂ ਕਿੰਨੇ ਮੈਲੇ ਹੁੰਦੇ ਹਨ। ਸ਼ਰੀਰ ਨੂੰ ਮਿੱਟੀ ਮਲਦੇ ਹਨ। ਸਮਝਦੇ ਹਨ ਪਾਪ ਮਿਟ ਜਾਣਗੇ। ਬਾਬਾ ਦਾ ਖੁਦ ਇਹ ਸਭ ਕੀਤਾ ਹੋਇਆ ਹੈ। ਨਾਸਿਕ ਵਿੱਚ ਪਾਣੀ ਬਹੁਤ ਗੰਦਾ ਹੁੰਦਾ ਹੈ। ਉੱਥੇ ਜਾਕੇ ਮਿੱਟੀ ਮਲਦੇ ਹਨ। ਸਮਝਦੇ ਹਨ ਪਾਪ ਵਿਨਾਸ਼ ਹੋ ਜਾਣਗੇ। ਫ਼ਿਰ ਉਸ ਮਿੱਟੀ ਨੂੰ ਸਾਫ਼ ਕਰਨ ਦੇ ਲਈ ਪਾਣੀ ਲੈ ਆਉਂਦੇ ਹਨ। ਵਿਲਾਇਤ ਵਿੱਚ ਕੋਈ ਵੱਡੇ ਮਹਾਰਾਜਾ ਆਦਿ ਜਾਂਦੇ ਸੀ ਤਾਂ ਗੰਗਾ ਜਲ ਦਾ ਮਟਕਾ ਨਾਲ ਲੈ ਜਾਂਦੇ ਸਨ ਫ਼ਿਰ ਸਟੀਮਰ ਵਿੱਚ ਉਹ ਹੀ ਪਾਣੀ ਪੀਂਦੇ ਸਨ। ਪਹਿਲੋਂ ਐਰੋਪਲੇਨ, ਮੋਟਰ ਆਦਿ ਨਹੀਂ ਸਨ। 100 - 150 ਸਾਲਾਂ ਵਿੱਚ ਕੀ - ਕੀ ਬਣ ਗਿਆ ਹੈ! ਸਤਿਯੁੱਗ ਆਦਿ ਵਿੱਚ ਇਹ ਸਾਇੰਸ ਆਦਿ ਕੰਮ ਵਿੱਚ ਆਉਂਦੀ ਹੈ। ਉੱਥੇ ਤਾਂ ਮਹਿਲ ਆਦਿ ਬਣਾਉਣ ਕਰਨ ਵਿਚ ਦੇਰ ਨਹੀਂ ਲਗਦੀ। ਹੁਣ ਤੁਹਾਡੀ ਬੁੱਧੀ ਪਾਰਸ ਬੁੱਧੀ ਬਣਦੀ ਹੈ ਤਾਂ ਸਭ ਕੰਮ ਸਹਿਜ ਕਰ ਲੈਂਦੀ ਹੈ। ਜਿਵੇਂ ਇੱਥੇ ਮਿੱਟੀ ਦੀਆਂ ਇੱਟਾਂ ਬਣਦੀਆਂ ਹਨ, ਉੱਥੇ ਸੋਨੇ ਦੀਆਂ ਹੁੰਦੀਆਂ ਹਨ। ਇਸ ਤੇ ਮਾਇਆ ਮਛੰਦਰ ਦਾ ਖੇਲ੍ਹ ਵੀ ਵਿਖਾਉਂਦੇ ਹਨ। ਇਹ ਤਾਂ ਉਨ੍ਹਾਂ ਨੇ ਨਾਟਕ ਬੈਠ ਬਣਾਏ ਹਨ, ਦਿਖਾਉਣ ਦੇ ਲਈ। ਬਰੋਬਰ ਸਵਰਗ ਵਿੱਚ ਸੋਨੇ ਦੀਆਂ ਇੱਟਾਂ ਹਨ । ਉਸ ਨੂੰ ਕਿਹਾ ਹੀ ਜਾਂਦਾ ਹੈ ਗੋਲਡਨ ਏਜ਼। ਇਸ ਨੂੰ ਕਿਹਾ ਜਾਂਦਾ ਹੈ ਆਇਰਨ ਏਜ। ਚਿੱਤਰ ਵੀ ਉਨ੍ਹਾਂ ਦੇ ਕਾਇਮ ਹਨ। ਕਹਿੰਦੇ ਵੀ ਹਨ ਆਦਿ ਸਨਾਤਨ ਧਰਮ, ਫ਼ਿਰ ਹਿੰਦੂ ਧਰਮ ਕਹਿ ਦਿੰਦੇ ਹਨ। ਦੇਵਤਾ ਦੇ ਬਦਲੇ ਹਿੰਦੂ ਕਹਿ ਦਿੰਦੇ ਹਨ ਕਿਉਂਕਿ ਵਿਕਾਰੀ ਹਨ ਤਾਂ ਦੇਵਤਾ ਕਿਵੇਂ ਕਹਿਣ। ਤੁਸੀਂ ਕਿਤੇ ਵੀ ਜਾਂਦੇ ਹੋ ਤਾਂ ਇਹ ਸਮਝਾਉਂਦੇ ਹੋ ਕਿਉਂਕਿ ਤੁਸੀਂ ਹੋ ਮੈਸੇਂਜਰ, ਪੈਗੰਬਰ। ਬਾਪ ਦਾ ਪਰਿਚੈ ਹਰ ਇੱਕ ਨੂੰ ਦੇਣਾ ਹੈ। ਕੋਈ ਝੱਟ ਸਮਝਣਗੇ ਕਿ ਬਰੋਬਰ ਤੁਸੀਂ ਠੀਕ ਕਹਿੰਦੇ ਹੋ। ਦੋ ਬਾਪ ਬਰੋਬਰ ਹੈ। ਕੋਈ ਕਹਿ ਦੇਣਗੇ ਪਰਮਾਤਮਾ ਤਾਂ ਸਰਵਵਿਆਪੀ ਹੈ। ਤੁਸੀਂ ਸਮਝਦੇ ਹੋ ਇੱਕ ਤੋਂ ਹੱਦ ਦਾ ਵਰਸਾ ਮਿਲਦਾ ਹੈ। ਪਾਰਲੌਕਿਕ ਬਾਪ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ 21 ਜਨਮ ਦੇ ਲਈ। ਇਹ ਗਿਆਨ ਵੀ ਹੁਣੇ ਹੈ। ਉੱਥੇ ਇਹ ਗਿਆਨ ਨਹੀਂ ਰਹਿੰਦਾ। ਸੰਗਮ ਤੇ ਹੀ ਵਰਸਾ ਮਿਲਦਾ ਹੈ ਤਾਂ ਫ਼ਿਰ 21 ਪੀੜ੍ਹੀ ਜਨਮ ਬਾਏ ਜਨਮ ਤੁਸੀਂ ਰਾਜ ਕਰਦੇ ਹੋ। ਤੁਸੀਂ ਸਾਰੇ ਵਿਸ਼ਵ ਦੇ ਮਾਲਿਕ ਬਣਦੇ ਹੋ। ਇਹ ਤੁਹਾਨੂੰ ਹੁਣੇ ਪਤਾ ਚੱਲਿਆ ਹੈ। ਜੋ ਪੱਕੇ ਨਿਸ਼ਚੇ ਬੁੱਧੀ ਹੁੰਦੇ ਹਨ ਉਨ੍ਹਾਂ ਨੂੰ ਕੋਈ ਸ਼ੱਕ ਕਰਨ ਦੀ ਗੱਲ ਨਹੀਂ। ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ। ਸ਼ਿਵਬਾਬਾ ਆਉਣਗੇ ਤਾਂ ਜ਼ਰੂਰ ਕੁਝ ਵਰਸਾ ਦਿੰਦੇ ਹੋਣਗੇ ਇਸਲਈ ਬਾਬਾ ਕਹਿੰਦੇ ਹਨ ਇਹ ਬੈਜ ਬਹੁਤ ਵਧੀਆ ਹੈ। ਇਹ ਜ਼ਰੂਰ ਪਾਇਆ ਹੋਵੇ। ਘਰ - ਘਰ ਵਿੱਚ ਸੁਨੇਹਾ ਦੇਣਾ ਹੈ ਫ਼ਿਰ ਕੋਈ ਮੰਨੇ ਜਾਂ ਨਾ ਮੰਨੇ। ਵਿਨਾਸ਼ ਆਵੇਗਾ ਤਾਂ ਸਮਝਣਗੇ ਭਗਵਾਨ ਆਇਆ ਹੋਇਆ ਹੈ। ਫ਼ਿਰ ਜਿੰਨ੍ਹਾਂਨੂੰ ਤੁਸੀਂ ਸੁਨੇਹਾ ਦਿੱਤਾ ਹੋਵੇਗਾ, ਉਹ ਯਾਦ ਕਰਨਗੇ ਕਿ ਇਹ ਸਫ਼ੇਦ ਪੋਸ਼ ਵਾਲੇ ਫਰਿਸ਼ਤੇ ਕੌਣ ਸਨ? ਸੂਖਸ਼ਮਵਤਨ ਵਿੱਚ ਵੀ ਤੁਸੀਂ ਫਰਿਸ਼ਤੇ ਵੇਖਦੇ ਹੋ ਨਾ! ਤੁਸੀਂ ਜਾਣਦੇ ਹੋ ਮੰਮਾ - ਬਾਬਾ ਯੋਗਬਲ ਨਾਲ ਇਸ ਤਰ੍ਹਾਂ ਦੇ ਫਰਿਸ਼ਤੇ ਬਣਦੇ ਹਨ ਤਾਂ ਅਸੀਂ ਵੀ ਬਣਾਂਗੇ। ਇਹ ਸਭ ਗੱਲਾਂ ਬਾਪ ਇਸ ਵਿੱਚ ਪ੍ਰਵੇਸ਼ ਕਰ ਤੁਹਾਨੂੰ ਸਮਝਾਉਂਦੇ ਹਨ। ਡਾਇਰੈਕਟ ਨਾਲੇਜ ਦਿੰਦੇ ਹਨ। ਜੋ ਬਾਪ ਵਿੱਚ ਨਾਲੇਜ ਹੈ ਉਹ ਤੁਸੀ ਵਿੱਚ ਵੀ ਹੈ। ਜਦੋਂ ਉਪਰ ਨੂੰ ਜਾਂਦੇ ਹੋ ਤਾਂ ਨਾਲੇਜ ਦਾ ਪਾਰ੍ਟ ਵੀ ਪੂਰਾ ਹੋ ਜਾਂਦਾ ਹੈ। ਫ਼ਿਰ ਜੋ ਪਾਰ੍ਟ ਮਿਲਿਆ ਹੈ ਉਹ ਸੁੱਖ ਦਾ ਪਾਰਟ ਵਜਾਉਂਦੇ ਹੋ ਅਤੇ ਇਹ ਨਾਲੇਜ ਭੁੱਲ ਜਾਂਦੀ ਹੈ।

ਤਾਂ ਤੁਸੀਂ ਬੱਚੇ ਕਿਤੇ ਵੀ ਜਾਂਦੇ ਹੋ ਤਾਂ ਮੈਸੇਂਜਰ ਦੀ ਨਿਸ਼ਾਨੀ - ਇਹ ਬੈਜ ਨਾਲ ਜਰੂਰ ਚਾਹੀਦਾ ਹੈ। ਭਾਵੇਂ ਕੋਈ ਹਸੀ ਕਰੇ। ਇਸ ਤੇ ਕੀ ਹਸੀ ਕਰਨਗੇ। ਤੁਸੀਂ ਠੀਕ ਗੱਲ ਸੁਣਾਉਂਦੇ ਹੋ। ਇਹ ਬੇਹੱਦ ਦਾ ਬਾਪ ਹੈ। ਉਨ੍ਹਾਂ ਦਾ ਨਾਮ ਹੈ ਸ਼ਿਵਬਾਬਾ, ਉਹ ਕਲਿਆਣਕਾਰੀ ਹੈ। ਆਕੇ ਸਵਰਗ ਦੀ ਸਥਾਪਨਾ ਕਰਦੇ ਹਨ। ਇਹ ਹੈ ਪੁਰਸ਼ੋਤਮ ਸੰਗਮਯੁੱਗ। ਇਹ ਸਾਰਾ ਗਿਆਨ ਤੁਹਾਨੂੰ ਬੱਚਿਆਂ ਨੂੰ ਮਿਲਿਆ ਹੈ। ਫ਼ਿਰ ਭੁੱਲਣਾ ਕਿਓਂ ਚਾਹੀਦਾ। ਬਾਪ ਤਾਂ ਬਿਲਕੁਲ ਸਹਿਜ ਹੈ। ਚਲਦੇ - ਫਿਰਦੇ ਬਾਪ ਅਤੇ ਵਰਸੇ ਨੂੰ ਯਾਦ ਕਰਨਾ ਹੈ। ਸ਼ਾਂਤੀਧਾਮ ਅਤੇ ਸੁੱਖਧਾਮ। ਤੁਸੀਂ ਬੱਚੇ ਇੱਥੇ ਆਉਂਦੇ ਹੋ ਮੁਰਲੀ ਸੁਣਕੇ ਜਾਂਦੇ ਹੋ ਫਿਰ ਸੁਣਾਉਣੀ ਵੀ ਚਾਹੀਦੀ ਹੈ। ਇਵੇਂ ਨਹੀਂ ਸਿਰਫ਼ ਇੱਕ ਹੀ ਬ੍ਰਾਹਮਣੀ ਮੁਰਲੀ ਚਲਾਏ। ਬ੍ਰਾਹਮਣੀ ਨੂੰ ਆਪ ਸਮਾਨ ਬਣਾ ਕੇ ਤਿਆਰ ਕਰਨਾ ਚਾਹੀਦਾ ਹੈ, ਤਾਂ ਬਹੁਤਿਆਂ ਦਾ ਕਲਿਆਣ ਕਰ ਸਕਣਗੇ। ਜੇਕਰ ਇੱਕ ਬ੍ਰਾਹਮਣੀ ਕਿਤੇ ਚਲੀ ਜਾਂਦੀ ਹੈ ਤਾਂ ਦੂਸਰੀ ਕਿਉਂ ਨਹੀਂ ਸੈਂਟਰ ਚਲਾ ਸਕਦੀ! ਕੀ ਧਾਰਨਾ ਨਹੀਂ ਕੀਤੀ ਹੈ ? ਸਟੂਡੈਂਟਸ ਨੂੰ ਪੜ੍ਹਨ ਅਤੇ ਪੜ੍ਹਾਉਣ ਦਾ ਸ਼ੌਂਕ ਚਾਹੀਦਾ ਹੈ। ਮੁਰਲੀ ਤਾਂ ਬਹੁਤ ਸਹਿਜ ਹੈ, ਕੋਈ ਵੀ ਧਾਰਨ ਕਰ ਕਲਾਸ ਕਰਵਾ ਸਕਦੇ ਹਨ। ਇੱਥੇ ਤਾਂ ਬਾਪ ਬੈਠੇ ਹਨ। ਬਾਪ ਬੱਚਿਆਂ ਨੂੰ ਕਹਿੰਦੇ ਹਨ ਕਿਸੇ ਵੀ ਗੱਲ ਵਿੱਚ ਸੰਸ਼ੇ ਨਹੀਂ ਹੋਣਾ ਚਾਹੀਦਾ। ਇੱਕ ਬਾਪ ਹੀ ਹਨ ਜੋ ਸਭ ਕੁਝ ਜਾਣਦੇ ਹਨ। ਇੱਕ ਹੀ ਐਮ ਆਬਜੈਕਟ ਹੈ, ਇਸ ਵਿੱਚ ਕੋਈ ਪ੍ਰਸ਼ਨ ਆਦਿ ਪੁੱਛਣ ਦਾ ਵੀ ਨਹੀਂ ਰਹਿੰਦਾ। ਸਵੇਰੇ ਵੀ ਬੈਠ ਬੱਚਿਆਂ ਨੂੰ ਯਾਦ ਦੀ ਯਾਤਰਾ ਵਿੱਚ ਮਦਦ ਕਰਦਾ ਹਾਂ। ਸਾਰੇ ਬੇਹੱਦ ਦੇ ਬੱਚੇ ਯਾਦ ਰਹਿੰਦੇ ਹਨ। ਤੁਹਾਨੂੰ ਸਭ ਬੱਚਿਆਂ ਨੂੰ ਇਸ ਯਾਦ ਦੀ ਮਦਦ ਨਾਲ ਸਾਰੇ ਵਿਸ਼ਵ ਨੂੰ ਪਾਵਨ ਬਣਾਉਣਾ ਹੈ, ਇਸ ਵਿੱਚ ਹੀ ਤੁਸੀਂ ਉਂਗਲੀ ਦਿੰਦੇ ਹੋ। ਪਵਿੱਤਰ ਤਾਂ ਸਾਰੀ ਦੁਨੀਆਂ ਨੂੰ ਬਣਾਉਣਾ ਹੈ ਨਾ। ਤਾਂ ਬਾਪ ਸਾਰੇ ਬੱਚਿਆਂ ਤੇ ਨਜ਼ਰ ਰੱਖਦੇ ਹਨ ਨਾ। ਸਭ ਸ਼ਾਂਤੀਧਾਮ ਵਿੱਚ ਚਲੇ ਜਾਣ। ਸਭ ਦਾ ਅਟੈਨਸ਼ਨ ਖਿਚਵਾਉਂਦੇ ਹਨ। ਬਾਪ ਤਾਂ ਬੇਹੱਦ ਵਿੱਚ ਹੀ ਬੈਠਣਗੇ। ਮੈਂ ਆਇਆ ਹਾਂ ਸਾਰੀ ਦੁਨੀਆਂ ਨੂੰ ਪਾਵਨ ਬਣਾਉਣ। ਸਾਰੀ ਦੁਨੀਆਂ ਨੂੰ ਕਰੰਟ ਦੇ ਰਿਹਾ ਹਾਂ ਤਾਂ ਪਵਿੱਤਰ ਹੋ ਜਾਣ। ਜਿਨ੍ਹਾਂ ਦਾ ਪੂਰਾ ਯੋਗਬਲ ਹੋਵੇਗਾ ਉਹ ਸਮਝਣਗੇ ਬਾਬਾ ਹੁਣ ਬੈਠ ਕੇ ਯਾਦ ਦੀ ਯਾਤਰਾ ਸਿਖਲਾ ਰਹੇ ਹਨ, ਜਿਸ ਨਾਲ ਵਿਸ਼ਵ ਵਿੱਚ ਸ਼ਾਂਤੀ ਹੁੰਦੀ ਹੈ। ਬੱਚੇ ਵੀ ਯਾਦ ਵਿੱਚ ਰਹਿੰਦੇ ਹਨ ਤਾਂ ਮਦਦ ਮਿਲਦੀ ਹੈ। ਮਦਦਗਾਰ ਬੱਚੇ ਵੀ ਚਾਹੀਦੇ ਹਨ ਨਾ। ਖੁਦਾਈ ਖਿਦਮਤਗਾਰ, ਨਿਸ਼ਚੇ ਬੁੱਧੀ ਹੀ ਯਾਦ ਕਰਨਗੇ। ਤੁਹਾਡੀ ਪਹਿਲੀ ਸਬਜੈਕਟ ਹੈ ਹੀ ਪਾਵਨ

ਬਣਨ ਦੀ। ਗੋਇਆ ਤੁਸੀਂ ਬੱਚੇ ਨਿਮਿਤ ਬਣਦੇ ਹੋ ਬਾਪ ਦੇ ਨਾਲ। ਬਾਪ ਨੂੰ ਬੁਲਾਉਂਦੇ ਹੀ ਹਨ ਹੇ ਪਤਿਤ ਪਾਵਨ ਆਓ। ਹੁਣ ਉਹ ਇੱਕਲਾ ਕੀ ਕਰੇਗਾ। ਖਿਦਮਤਗਾਰ ਚਾਹੀਦਾ ਹੈ ਨਾ। ਤੁਸੀਂ ਜਾਣਦੇ ਹੋ ਅਸੀਂ ਵਿਸ਼ਵ ਨੂੰ ਪਵਿੱਤਰ ਬਣਾਕੇ ਫਿਰ ਸਾਰੇ ਵਿਸ਼ਵ ਤੇ ਰਾਜ ਕਰਾਂਗੇ। ਬੁੱਧੀ ਵਿੱਚ ਜਦੋਂ ਇਵੇਂ ਦਾ ਨਿਸ਼ਚੇ ਹੋਵੇਗਾ ਤਾਂ ਨਸ਼ਾ ਚੜ੍ਹੇਗਾ। ਤੁਸੀਂ ਬੱਚੇ ਜਾਣਦੇ ਹੋ ਅਸੀਂ ਬਾਪ ਦੀ ਸ਼੍ਰੀਮਤ ਨਾਲ, ਆਪਣੇ ਯੋਗਬਲ ਨਾਲ ਆਪਣੇ ਲਈ ਰਾਜਧਾਨੀ ਸਥਾਪਨ ਕਰ ਰਹੇ ਹਾਂ। ਇਹ ਨਸ਼ਾ ਚੜ੍ਹਨਾ ਚਾਹੀਦਾ ਹੈ। ਇਹ ਹੈ ਰੂਹਾਨੀ ਗੱਲਾਂ। ਬੱਚੇ ਸਮਝਦੇ ਹਨ ਹਰ ਕਲਪ ਬਾਬਾ ਇਸ ਰੂਹਾਨੀ ਬਲ ਨਾਲ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਇਹ ਵੀ ਸਮਝਦੇ ਹੋ ਕਿ ਸ਼ਿਵਬਾਬਾ ਆਕੇ ਸਵਰਗ ਦੀ ਸਥਾਪਨ ਕਰਦੇ ਹਨ। ਹੁਣ ਸਿਰ ਤੇ ਇਸ ਯਾਦ ਦੀ ਯਾਤਰਾ ਦਾ ਹੀ ਫੁਰਨਾ ਹੈ। ਪੁਰਸ਼ਾਰਥ ਕਰਨਾ ਹੈ। ਧੰਦਾ ਆਦਿ ਕਰਦੇ ਵੀ ਯਾਦ ਦੀ ਯਾਤਰਾ ਰਹੇ। ਏਵਰਹੈਲਦੀ ਬਣਾਉਣ ਦੇ ਲਈ ਬਾਪ ਕਮਾਈ ਬੜੀ ਜਬਰਦਸਤ ਕਰਵਾਉਂਦੇ ਹਨ। ਇਸ ਸਮੇਂ ਸਭ ਕੁਝ ਭੁਲਾਉਣਾ ਪੈਂਦਾ ਹੈ। ਅਸੀਂ ਆਤਮਾਵਾਂ ਜਾ ਰਹੀਆਂ ਹਾਂ, ਆਤਮ - ਅਭਿਮਾਨੀ ਬਣਨ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ। ਖਾਂਦੇ - ਪੀਂਦੇ, ਚਲਦੇ - ਫਿਰਦੇ ਇਹ ਕੀ ਬਾਪ ਨੂੰ ਯਾਦ ਨਹੀਂ ਕਰ ਸਕਦੇ, ਕਪੜਾ ਸਿਲਾਈ ਕਰਦੇ, ਬੁੱਧੀ ਯੋਗ ਬਾਪ ਦੀ ਯਾਦ ਵਿੱਚ ਰਹੇ। ਬਹੁਤ ਸਹਿਜ ਹੈ। ਇਹ ਤਾਂ ਸਮਝਦੇ ਹੋ 84 ਦਾ ਚੱਕਰ ਪੂਰਾ ਹੋਇਆ ਹੈ। ਹੁਣ ਬਾਪ ਸਾਨੂੰ ਆਤਮਾਵਾਂ ਨੂੰ ਰਾਜਯੋਗ ਸਿਖਾਉਣ ਆਏ ਹਨ। ਇਹ ਵਰਲਡ ਦੀ ਹਿਸਟ੍ਰੀ ਜੋਗ੍ਰਾਫੀ ਰਪੀਟ ਹੁੰਦੀ ਹੈ, ਕਲਪ ਪਹਿਲੋਂ ਵੀ ਇਵੇਂ ਹੋਇਆ ਸੀ, ਜੋ ਹੁਣ ਫ਼ਿਰ ਰਪੀਟ ਹੋ ਰਿਹਾ ਹੈ। ਇਹ ਰਿਪਿਟੇਸ਼ਨ ਦਾ ਰਾਜ਼ ਵੀ ਬਾਪ ਹੀ ਸਮਝਾਉਂਦੇ ਹਨ। ਹਰ ਇਕ ਨੂੰ ਡਰਾਮੇ ਵਿੱਚ ਪਾਰਟ ਮਿਲਿਆ ਹੋਇਆ ਹੈ, ਉਹ ਵਜਾਉਂਦੇ ਰਹਿੰਦੇ ਹਨ। ਬੱਚਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਬਾਪ ਨੂੰ ਯਾਦ ਕਰੋ ਤਾਂ ਸਤੋਪ੍ਰਧਾਨ ਬਣਾਂਗੇ। ਫ਼ਿਰ ਇਹ ਸ਼ਰੀਰ ਵੀ ਛੁੱਟ ਜਾਵੇਗਾ। ਤੁਹਾਡੀ ਬੁੱਧੀ ਵਿੱਚ ਹੁਣ ਇਹ ਹੈ ਕਿ ਅਸੀਂ ਆਤਮਾਵਾਂ ਸਤੋਪ੍ਰਧਾਨ ਬਣੀਏ ਕਿਉਂਕਿ ਵਾਪਿਸ ਘਰ ਜਾਣਾ ਹੈ। ਸਤਿਯੁੱਗ ਵਿੱਚ ਇਵੇਂ ਨਹੀਂ ਕਹਾਂਗੇ। ਉੱਥੇ ਤਾਂ ਕਹਾਂਗੇ ਇੱਕ ਪੁਰਾਣਾ ਸ਼ਰੀਰ ਛੱਡ ਦੂਸਰਾ ਲੈਣਾ ਹੈ। ਉੱਥੇ ਤਾਂ ਦੁੱਖ ਦੀ ਗੱਲ ਨਹੀਂ। ਇੱਥੇ ਇਹ ਦੁੱਖਧਾਮ ਹੈ। ਪੁਰਾਣੇ ਸ਼ਰੀਰ ਹਨ ਤਾਂ ਸਮਝਦੇ ਹਾਂ ਇਸਨੂੰ ਛੱਡ ਹੁਣ ਅਸੀਂ ਆਪਣੇ ਘਰ ਜਾਈਏ। ਬਾਪ ਨੂੰ ਲਗਾਤਾਰ ਯਾਦ ਕਰਨਾ ਹੈ। ਉਹ ਨਿਰਾਕਾਰ ਬਾਪ ਹੀ ਗਿਆਨ ਦਾ ਸਾਗਰ ਹੈ। ਉਹ ਹੀ ਆਕੇ ਸਭ ਦੀ ਸਦਗਤੀ ਕਰਦੇ ਹਨ। ਬਾਪ ਕਹਿੰਦੇ ਹਨ ਸਾਧੂਆਂ ਦਾ ਵੀ ਉਧਾਰ ਕਰਦਾ ਹਾਂ। ਤੁਸੀਂ ਹੁਣ ਇੱਕ ਬਾਪ ਨਾਲ ਯੋਗ ਲਗਾਓ। ਤੁਸੀਂ ਸਭ ਆਤਮਾਵਾਂ ਨੂੰ ਬਾਪ ਤੋਂ ਵਰਸਾ ਲੈਣ ਦਾ ਹੱਕ ਹੈ। ਆਪਣੇ ਨੂੰ ਆਤਮਾ ਸਮਝ ਦੇਹੀ- ਅਭਿਮਾਨੀ ਬਣੋ ਅਤੇ ਬਾਪ ਨੂੰ ਲਗਾਤਾਰ ਯਾਦ ਕਰੋ ਤਾਂ ਪਾਪ ਕੱਟਦੇ ਜਾਣਗੇ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮੁਰਲੀ ਸੁਣ ਕੇ ਫ਼ਿਰ ਸੁਣਾਉਣੀ ਹੈ। ਪੜ੍ਹਨ ਦੇ ਨਾਲ -ਨਾਲ ਫ਼ਿਰ ਪੜ੍ਹਾਉਣਾ ਵੀ ਹੈ। ਕਲਿਆਣਕਾਰੀ ਬਣਨਾ ਹੈ। ਬੈਜ ਮੈਸੇਂਜਰ ਦੀ ਨਿਸ਼ਾਨੀ ਹੈ, ਇਹ ਸਦਾ ਲਗਾਕੇ ਰੱਖਣਾ ਹੈ।

2. ਵਿਸ਼ਵ ਵਿੱਚ ਸ਼ਾਂਤੀ ਸਥਾਪਨ ਕਰਨ ਦੇ ਲਈ ਯਾਦ ਦੀ ਯਾਤਰਾ ਵਿੱਚ ਰਹਿਣਾ ਹੈ। ਜਿਵੇਂ ਬਾਪ ਦੀ ਨਜ਼ਰ ਬੇਹੱਦ ਵਿੱਚ ਰਹਿੰਦੀ ਹੈ, ਸਾਰੀ ਦੁਨੀਆਂ ਨੂੰ ਪਾਵਨ ਬਣਾਉਣ ਲਈ ਕਰੰਟ ਦਿੰਦੇ ਹਨ, ਇਵੇਂ ਫਾਲੋ ਫਾਦਰ ਕਰ ਮਦਦਗਾਰ ਬਣਨਾ ਹੈ।

ਵਰਦਾਨ:- ਕਰਮ ਅਤੇ ਯੋਗ ਦੇ ਬੈਲੇਂਸ ਦ੍ਵਾਰਾ ਕਰਮਾਤੀਤ ਸਥਿਤੀ ਦਾ ਅਨੁਭਵ ਕਰਨ ਵਾਲੇ ਕਰਮ ਬੰਧਨ ਮੁਕਤ ਭਵ।

ਕਰਮ ਦੇ ਨਾਲ - ਨਾਲ ਯੋਗ ਦਾ ਬੈਲੇਂਸ ਹੋਵੇ ਤਾਂ ਹਰ ਕਰਮ ਵਿਚ ਆਪੇ ਹੀ ਸਫਲਤਾ ਪ੍ਰਾਪਤ ਹੁੰਦੀ ਹੈ। ਕਰਮਯੋਗੀ ਆਤਮਾ ਕਦੇ ਕਰਮ ਦੇ ਬੰਧਨ ਵਿੱਚ ਨਹੀਂ ਫਸਦੀ। ਕਰਮ ਦੇ ਬੰਧਨ ਤੋਂ ਮੁਕਤ ਨੂੰ ਹੀ ਕਰਮਾਤੀਤ ਕਹਿੰਦੇ ਹਨ। ਕਰਮਾਤੀਤ ਦਾ ਅਰਥ ਇਹ ਨਹੀਂ ਹੈ ਕਿ ਕਰਮ ਤੋਂ ਅਤੀਤ ਹੋ ਜਾਵੋ। ਕਰਮ ਤੋਂ ਨਿਆਰੇ ਨਹੀਂ, ਕਰਮ ਦੇ ਬੰਧਨ ਵਿੱਚ ਫਸਣ ਤੋਂ ਨਿਆਰੇ ਬਣੋ। ਅਜਿਹੀ ਕਰਮਯੋਗੀ ਆਤਮਾ ਆਪਣੇ ਕਰਮ ਤੋਂ ਅਨੇਕਾਂ ਦਾ ਕਰਮ ਸ੍ਰੇਸ਼ਠ ਬਨਾਉਣ ਵਾਲੀ ਹੋਵੇਗੀ। ਉਸ ਦੇ ਲਈ ਹਰ ਕੰਮ ਮਨੋਰੰਜਨ ਲੱਗੇਗਾ, ਮੁਸ਼ਕਿਲ ਦਾ ਅਨੁਭਵ ਨਹੀਂ ਹੋਵੇਗਾ।

ਸਲੋਗਨ:- ਪਰਮਾਤਮਾ ਪਿਆਰ ਹੀ ਸਮੇਂ ਦੀ ਘੰਟੀ ਹੈ ਜੋ ਅੰਮ੍ਰਿਤ ਵੇਲੇ ਉਠਾ ਦਿੰਦੀ ਹੈ।

******